# ਸਰਕਾਰੀ ਕਾਲਜ ਮਹੈਣ, ਸ੍ਰੀ ਅਨੰਦਪੁਰ ਸਾਹਿਬ, 140133

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ)

(Co-Education)

**ਦਾਖਲਾ ਸ਼ੁਰੂ**

**ਸੈਸ਼ਨ** 2023-24





**ਸੰਪਰਕ ਕਰੋ: ਪ੍ਰੋ. ਵਿਪਨ ਕੁਮਾਰ : 86996-59773, ਪ੍ਰੋ. ਬੌਬੀ : 79867-52902**

**Email: gcmahain@gmail.com**

https://instagram.com/gc_mahain?igshid=OTk0YzhjMDVIZA==

https://www.facebook.com/profile.php?id=100082252641892&mibextid=ZbWKwL



***ਪ੍ਰਿੰਸੀਪਲ ਦੀ ਕਲਮ ਤੋਂ...***

ਪਿਆਰੇ ਵਿਦਿਆਰਥੀਓ ! ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਸੈਸ਼ਨ 2023-24 ਵਿਚ ਇਸ ਕਾਲਜ ਦੇ ਬਤੌਰ ਸੱਜਰੇ ਵਿਦਿਆਰਥੀ ਆਪਣੇ ਭਵਿੱਖ ਦੀ ਸ਼ੁਰੂਆਤ ਕਰਨ ਜਾ ਰਹੇ ਹੋ। ਮੈਂ ਬਤੌਰ ਪ੍ਰਿੰਸੀਪਲ ਤੁਹਾਨੂੰ ਸਾਰਿਆਂ ਨੂੰ ਸ਼ੁੱਭ ਇਛਾਵਾਂ ਦਿੰਦੀ ਹੋਈ ਕਾਲਜ ਵਿਚ ਤੁਹਾਡਾ ਸਵਾਗਤ ਕਰਦੀ ਹਾਂ। ਇਹ ਕਾਲਜ ਸੈਸ਼ਨ 2021-22 ਵਿੱਚ ਸਰਕਾਰੀ ਕਾਲਜ ਮਹੈਣ (ਸ੍ਰੀ ਆਨੰਦਪੁਰ ਸਾਹਿਬ) ਦੇ ਨਾਂ ਤੇ ਸ਼ੁਰੂਆਤ ਕਰਦਿਆਂ ਅੱਜ ਰੋਪੜ ਜਿਲ੍ਹੇ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਹੈ। ਇਸ ਕਾਲਜ ਵਿਚ ਬੀ.ਕਾਮ, ਬੀ.ਏ. (ਪੰਜਾਬੀ, ਅੰਗਰੇਜ਼ੀ, ਗਣਿਤ, ਹਿੰਦੀ, ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜ ਸ਼ਾਸਤਰ, ਲੋਕ ਪ੍ਰਸ਼ਾਸਨ, ਅਰਥ ਸ਼ਾਸਤਰ, ਪੰਜਾਬੀ ਸਾਹਿਤ, ਇਤਿਹਾਸ) ਅਤੇ ਜਗਤ ਗੁਰੂ ਨਾਨਕ ਦੇਵ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਅਧੀਨ ਰਚਨਾਤਮਕ ਲਿਖਾਈ ਅਤੇ ਵਿਸ਼ਾ ਵਸਤੂ ਦਾ ਵਿਕਾਸ ਦਾ ਕਿੱਤਾ ਮੁਖੀ ਕੋਰਸ ਚੱਲ ਰਹੇ ਹਨ। ਕਾਲਜ ਦੀ ਵਿਸ਼ਾਲ ਅਤੇ ਸੁੰਦਰ ਇਮਾਰਤ ਬਹੁਤ ਤੇਜੀ ਨਾਲ ਉਸਾਰੀ ਜਾ ਰਹੀ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੈਰੀਅਰ ਗਾਈਡੈਂਸ ਐਂਡ ਪਲੈਸਮੈਂਟ ਸੈੱਲ, ਲਾਇਬ੍ਰੇਰੀ ਅਤੇ ਕਾਮਨ ਰੂਮ ਉਪਲਬਧ ਹਨ। ਪੋਸਟ ਮੈਟ੍ਰਿਕ ਸਕਾਲਰਸ਼ਿਪ, ਸਟੂਡੈਂਟ ਏਡ ਫੰਡ, ਕਾਲਜ ਮੈਗਜ਼ੀਨ, ਸਵੱਛਤਾ ਅਭਿਆਨ, ਮਿਸ਼ਨ ਡਰੱਗ ਫ੍ਰੀ ਪੰਜਾਬ (ਬੱਡੀ ਗਰੁੱਪਸ) ਅਤੇ ਵਾਤਾਵਰਣ ਜਾਗਰੁਕਤਾ ਵਰਗੀਆਂ ਸਰਕਾਰੀ ਮੁਹਿੰਮਾਂ ਵਿੱਚ ਕਾਲਜ ਵਲੋਂ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ। ਵਿਦਿਆਰਥੀਆਂ ਦੀ ਜਾਗਰੁਕਤਾ ਵਿਚ ਵਾਧਾ ਕਰਨ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਵਸ ਮਨਾਉਣ ਲਈ ਕਾਲਜ ਵਚਨਬੱਧ ਹੈ। ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਅੱਜ ਦੇ ਵਿਗਿਆਨਿਕ ਅਤੇ ਤਕਨੀਕੀ ਯੁੱਗ ਦੇ ਅਨੁਕੂਲ ਬਣਾਉਣ ਲਈ ਤਜਰਬੇਕਾਰ ਫੈਕਲਟੀ ਅਤੇ ਸਟਾਫ਼ ਹਮੇਸ਼ਾ ਤੱਤਪਰ ਰਹਿੰਦਾ ਹੈ, ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਯੂਨੀਵਰਸਿਟੀ ਇਮਤਿਹਾਨਾਂ ਦੇ ਨਤੀਜੇ ਸ਼ਾਨਦਾਰ ਆਉਣ ਦੀ ਪੂਰੀ – ਪੂਰੀ ਸੰਭਾਵਨਾ ਹੈ।

ਮੈਂ ਬਤੌਰ ਪ੍ਰਿੰਸੀਪਲ, ਵਿਦਿਆਰਥੀਆਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਪ੍ਰਤੀ ਸੁਚੇਤ ਕਰਦੀ ਹੋਈ ਸਾਦਾ ਜੀਵਨ ਤੇ ਉੱਚੀ ਸੋਚ, ਅਥੱਕ ਮਿਹਨਤ, ਮਿੱਠੀ ਬੋਲਬਾਣੀ ਅਤੇ ਅਨੁਸ਼ਾਸ਼ਨ ਦੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਿਤ ਕਰਦੀ ਹਾਂ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ, ਮਹਾਤਮਾ ਗਾਂਧੀ ਜੀ ਦੇ ਅਹਿੰਸਾ ਦੇ ਸਿਧਾਂਤ ਅਤੇ ਸਾਰਥਕ ਜੀਵਨ ਦੀ ਵਿਦਿਆਰਥੀਆਂ ਤੋਂ ਉਮੀਦ ਕਰਦੀ ਹੋਈ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹਾਂ।

**ਪ੍ਰਿੰਸੀਪਲ**

# ਸੈਸ਼ਨ 2023-24 ਦੌਰਾਨ ਅਧਿਐਨ ਲਈ ਉਪਲਬਧ ਕੋਰਸ

**(ਸਾਰੇ ਕੋਰਸ ਸਮੈਸਟਰ ਪ੍ਰਣਾਲੀ ਅਧੀਨ ਹਨ)**

**ਅੰਡਰ-ਗ੍ਰੈਜੂਏਟ ਕੋਰਸ :**

ਬੀ.ਏ. ਭਾਗ - **I, II, III**

ਬੀ.ਕਾਮ. ਭਾਗ - **I, II, III**

**ਸਵੈ ਵਿੱਤੀ ਕਿੱਤਾ ਮੁਖੀ ਕੋਰਸ (ਸਰਟੀਫ਼ਿਕੇਟ/ਡਿਪਲੋਮਾ ਕੋਰਸ) :**

1. ਰਚਨਾਤਮਕ ਲਿਖਤ ਅਤੇ ਸਮੱਗਰੀ ਵਿਕਾਸ (Creative Writing & Content Development)
   (ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ)

---

## ਰੈਗਿੰਗ ਕਰਨਾ ਅਤੇ ਉਸ ਵਿੱਚ ਭਾਗ ਲੈਣਾ ਕਾਨੂੰਨੀ ਜ਼ੁਰਮ ਹੈ।

## ਆਨ ਲਾਈਨ ਦਾਖ਼ਲਾ

(ਅਕਾਦਮਿਕ ਵਰ੍ਹਾ – 2023-24)

ਅਕਾਦਮਿਕ ਵਰ੍ਹਾ 2023-24 ਲਈ ਕਾਲਜ ਵਿਚ ਬੀ.ਏ. ਅਤੇ ਬੀ.ਕਾਮ ਦੀਆਂ ਸਾਰੀਆਂ ਕਲਾਸਾਂ ਲਈ ਮਿਤੀ: 15/05/2023 ਤੋਂ ਆਨ – ਲਾਈਨ ਦਾਖ਼ਲੇ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਜਾਵੇਗੀ।
ਆਨ – ਲਾਈਨ ਦਾਖ਼ਲਿਆਂ ਲਈ ਕਾਲਜ ਦੀ ਵੈਬਸਾਈਟ ................................ ਤੇ ਦਾਖ਼ਲਾ ਫ਼ਾਰਮ ਅਤੇ ਦਾਖ਼ਲਿਆਂ ਸਬੰਧੀ ਸਾਰੀ ਜਾਣਕਾਰੀ ਉਪਲਬੱਧ ਹੈ। ਕਾਲਜ ਵਿਚ ਦਾਖ਼ਲੇ ਲਈ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੇ ਦਾਖ਼ਲਾ ਪੋਰਟਲ ਅਤੇ ਪੰਜਾਬੀ ਯੂਨੀਵਰਸਿਟੀ ਦੇ ਪੋਰਟਲ ਤੇ ਅਲੱਗ – ਅਲੱਗ ਅਪਲਾਈ ਕਰਨਾ ਹੋਵੇਗਾ।

**ਆਨ - ਲਾਈਨ ਦਾਖ਼ਲਾ ਕਮੇਟੀ : -**

**1. ਪ੍ਰੋ. ਵਿਪਨ ਕੁਮਾਰ : 8699659773**

**2. ਪ੍ਰੋ. ਬੌਬੀ : 7986752902**

**ਨੋਟ : -** ਆਨ-ਲਾਈਨ ਦਾਖ਼ਲਾ ਫ਼ਾਰਮ ਭਰਨ ਉਪਰੰਤ ਵਿਦਿਆਰਥੀ ਆਪਣਾ ਯੂਜ਼ਰ ਆਈ.ਡੀ. ਅਤੇ ਪਾਸਵਰਡ ਸੰਭਾਲ ਕੇ ਰੱਖਣਗੇ ਕਿਉਂਕਿ ਹਰੇਕ ਸਾਲ ਵਿਦਿਆਰਥੀਆਂ ਦੇ ਆਨ-ਲਾਈਨ ਦਾਖ਼ਲੇ ਲਈ ਪੰਜਾਬ ਸਰਕਾਰ ਦੇ ਦਾਖ਼ਲਾ ਪੋਰਟਲ ਅਤੇ ਯੂਨੀਵਰਸਿਟੀ ਦੇ ਪੋਰਟਲ ਤੇ ਇਨਰੋਲਮੈਂਟ ਕਰਨ ਸਮੇਂ ਇਹ ਯੂਜ਼ਰ ਆਈ.ਡੀ. ਅਤੇ ਪਾਸਵਰਡ ਵਰਤੇ ਜਾਣਗੇ।

# ਤਰਤੀਬ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1 | ਅਧਿਐਨ ਲਈ ਉਪਲਬਧ ਕੋਰਸ, ਆਨ ਲਾਈਨ ਦਾਖ਼ਲਾ | 1 |
| 2 | ਦਾਖ਼ਲੇ ਸਮੇਂ ਧਿਆਨ ਰੱਖਣ ਯੋਗ ਗੱਲਾਂ | 2-4 |
| 3 | ਪੰਜਾਬ ਤੋਂ ਬਾਹਰ ਦੇ ਵਿਦਿਆਰਥੀਆਂ ਲਈ ਦਾਖ਼ਲੇ ਸਬੰਧੀ ਹਦਾਇਤਾਂ, ਫਰਜੀ ਯੂਨੀਵਰਸਿਟੀਆਂ ਦੀ ਸੂਚੀ | 4-5 |
| 4 | ਸੀਟਾਂ ਦਾ ਰਾਖਵਾਂਕਰਨ | 5-6 |
| 5 | ਵੱਖ – ਵੱਖ ਕੋਰਸਾਂ ਵਿੱਚ ਦਾਖ਼ਲੇ ਲਈ ਯੋਗਤਾ (ਬੀ.ਏ., ਬੀ.ਕਾਮ.), ਕਿੱਤਾ ਮੁਖੀ ਕੋਰਸ ਅਤੇ ਫੀਸ ਸਬੰਧੀ ਜਾਣਕਾਰੀ | 6-7 |
| 6 | ਕਾਲਜ ਪੀ.ਟੀ.ਏ. ਅਤੇ ਹਾਜਰੀਆਂ /ਛੁੱਟੀਆਂ ਅਤੇ ਪੁਨਰ ਦਾਖ਼ਲੇ ਸਬੰਧੀ ਨਿਯਮਾਂ ਦੀ ਜਾਣਕਾਰੀ | 8-9 |
| 7 | ਵੱਖ – ਵੱਖ ਸਰਕਾਰੀ ਵਜੀਫਿਆਂ ਸਬੰਧੀ ਜਾਣਕਾਰੀ | 10-12 |
| 8 | ਇੰਟਰਨਲ ਅਸੈਸਮੈਂਟ, ਕਾਲਜ ਅਨੁਸ਼ਾਸਨ ਅਤੇ ਵਿਵਹਾਰ ਦੇ ਨਿਯਮ | 12-13 |

## ਦਾਖ਼ਲੇ ਸਮੇਂ ਧਿਆਨ ਰੱਖਣ ਯੋਗ ਗੱਲਾਂ

1. ਹਰ ਕਲਾਸ ਵਿੱਚ ਦਾਖ਼ਲੇ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਦਾਖ਼ਲਾ ਪੋਰਟਲ ਅਤੇ ਪੰਜਾਬੀ ਯੂਨੀਵਰਿਸੀਟ ਦੇ ਪੋਰਟਲ ਤੇ ਦਾਖ਼ਲਾ ਲੈਣ ਲਈ ਆਨ – ਲਾਈਨ ਅਪਲਾਈ ਕਰਨਾ ਹੋਵੇਗਾ ।
2. ਹਰ ਵਿਦਿਆਰਥੀ ਲਈ ਆਨ-ਲਾਈਨ ਫ਼ਾਰਮ ਦੀ ਹਾਰਡ ਕਾਪੀ ਉੱਤੇ ਪਿਤਾ /ਮਾਤਾ/ਸਰਪ੍ਰਸਤ ਦੇ ਦਸਤਖ਼ਤ ਕਰਵਾਉਣਗੇ ਅਤੇ ਆਪਣੇ ਸੰਪਰਕ ਨੰਬਰ ਲਿਖਣਾ ਲਾਜ਼ਮੀ ਹੋਵੇਗਾ ।
3. ਆਨ-ਲਾਈਨ ਦਾਖ਼ਲਾ ਫ਼ਾਰਮ ਵਿੱਚ ਸਾਰੀਆਂ ਸੂਚਨਾਵਾਂ ਅਤੇ ਵਿਸ਼ੇ ਸਹੀ ਅਤੇ ਸੋਚ ਸਮਝ ਕੇ ਭਰੇ ਜਾਣ ਤਾਂ ਜੋ ਵਿਦਿਆਰਥੀਆਂ ਨੂੰ ਬਾਅਦ ਵਿੱਚ ਕੋਈ ਪਰੇਸ਼ਾਨੀ ਨਾ ਆਵੇ ।
4. ਰਾਖਵੀਆਂ ਸੀਟਾਂ ਦੇ ਆਧਾਰ ਤੇ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਦਾਖ਼ਲਾ ਫ਼ਾਰਮ ਵਿੱਚ ਆਪਣੀ ਕੈਟਾਗਰੀ ਜਰੂਰ ਭਰਨ ਅਤੇ ਸਬੂਤ ਦੇ ਤੌਰ ਤੇ ਯੋਗ ਅਧਿਕਾਰੀ (ਤਹਿਸੀਲਦਾਰ/ਐਸ.ਡੀ.ਐਮ) ਵੱਲੋਂ ਜਾਰੀ ਕੀਤੇ ਪ੍ਰਮਾਣ ਪੱਤਰ ਦੀ ਤਸ਼ਦੀਕਸ਼ੁਦਾ ਫੋਟੋਕਾਪੀ ਨੱਥੀ ਕਰਕੇ ਕਾਲਜ ਵਿੱਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ। ਅਜਿਹਾ ਨਹੀਂ ਕਰਨ ਦੀ ਹਾਲਤ ਵਿੱਚ ਉਹਨਾਂ ਨੂੰ ਰਾਖ਼ਵੀ ਸੀਟ ਦਾ ਲਾਭ ਨਹੀਂ ਦਿੱਤਾ ਜਾਵੇਗਾ ।
5. ਦੂਸਰੇ ਕਾਲਜਾਂ ਤੋਂ ਪ੍ਰੀਖਿਆ ਪਾਸ ਵਿਦਿਆਰਥੀਆਂ ਨੂੰ ਕਾਲਜ ਵਿੱਚ ਉਪਲੱਬਧ ਵਿਸ਼ੇ ਸਮੂਹ ਅਤੇ ਸੀਟਾਂ ਦੇ ਆਧਾਰ ਤੇ ਹੀ ਦਾਖ਼ਲਾ ਮਿਲ ਸਕਦਾ ਹੈ ।
6. ਕਾਲਜ ਵਿੱਚ ਦਾਖ਼ਲਾ ਮੈਰਿਟ ਸੂਚੀ ਦੇ ਆਧਾਰ ਤੇ ਕੀਤਾ ਜਾਵੇਗਾ। ਦਾਖ਼ਲਾ ਲੈਣ ਵਾਲੇ ਵਿਦਿਆਰਥੀ ਨਿਸ਼ਚਿਤ ਮਿਤੀ ਦੇ ਅੰਦਰ –ਅੰਦਰ ਅਪਲਾਈ ਕਰਨਗੇ ਅਤੇ ਨਿਸ਼ਚਿਤ ਮਿਤੀ ਤੇ ਦਾਖ਼ਲਾ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਪਾਬੰਦ ਹੋਣਗੇ । ਕਮੇਟੀ ਦੀ ਸ਼ਿਫਾਰਿਸ਼ ਤੋਂ ਬਾਅਦ ਹੀ ਪ੍ਰਿੰਸੀਪਲ ਸਾਹਿਬ ਵੱਲੋਂ ਦਾਖ਼ਲੇ ਦੀ ਪ੍ਰਵਾਨਗੀ ਦਿੱਤੀ ਜਾਵੇਗੀ।
7. ਬੀ.ਕਾਮ. ਪਹਿਲਾ ਅਤੇ ਬੀ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਹੀ ਦਾਖ਼ਲਾ ਲੈਣ ਦੇ ਯੋਗ ਹੋਣਗੇ ਜਿਹਨਾਂ ਨੇ 10+2 ਪ੍ਰਵਾਨਿਤ ਸੰਸਥਾ ਤੋਂ ਪਾਸ ਕੀਤੀ ਹੋਵੇ।
8. ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ 10+2 ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀ ਬੀ.ਕਾਮ ਭਾਗ ਪਹਿਲਾ ਅਤੇ ਬੀ.ਏ. ਭਾਗ ਪਹਿਲਾ ਵਿੱਚ ਦਾਖ਼ਲਾ ਲੈਣ ਦੇ ਯੋਗ ਨਹੀਂ ਮੰਨੇ ਜਾਣਗੇ ।
9. ਜਿਹੜੇ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਦੂਜੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੋਵੇ ਉਹ ਦਾਖ਼ਲਾ ਲੈਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟਰੇਸ਼ਨ ਸ਼ਾਖਾ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨਾ ਯਕੀਨੀ ਬਣਾਉਣਗੇ । ਇਸ ਤੋਂ ਬਾਅਦ ਉਹਨਾਂ ਵਿਦਿਆਰਥੀਆਂ ਦਾ ਯੂਨੀਵਰਸਿਟੀ ਦੁਆਰਾ ਨਿਰਧਾਰਤ ਸ਼ਡਿਊਲ ਅਤੇ ਨਿਯਮਾਂ ਅਨੁਸਾਰ ਦਾਖ਼ਲਾ ਕੀਤਾ ਜਾਵੇਗਾ ।
10. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਲਾਵਾ ਦੂਜੀਆਂ ਯੂਨੀਵਰਸਿਟੀਆਂ ਦੇ ਅਧੀਨ ਆਉਂਦੇ ਕਾਲਜਾਂ ਤੋਂ ਪਿਛਲਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ ਇਸ ਕਾਲਜ ਵਿੱਚ ਦਾਖ਼ਲਾ ਲੈਣ ਤੋਂ ਪਹਿਲਾ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ ।
11. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ੍ਹ ਹੋ ਚੁੱਕੇ ਵਿਦਿਆਰਥੀ, ਗੈਰ -ਹਾਜ਼ਰ ਵਿਦਿਆਰਥੀ ਅਤੇ ਪੜ੍ਹਾਈ ਛੱਡ ਚੁੱਕੇ ਵਿਦਿਆਰਥੀ ਜੇਕਰ ਪੁਰਾਣੀ ਕਲਾਸ ਵਿੱਚ ਮੁੜ ਦਾਖ਼ਲਾ ਲੈਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਪ੍ਰਿੰਸੀਪਲ ਦੀ ਪ੍ਰਵਾਨਗੀ ਮਗਰੋ ਹੀ ਦਾਖ਼ਲੇ ਦੇ ਯੋਗ ਮੰਨਿਆ ਜਾਵੇਗਾ ।
12. ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਰੋਕੇ ਗਏ ਵਿਦਿਆਰਥੀਆਂ ਦੇ ਦਾਖ਼ਲੇ ਨੂੰ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇਗਾ ।
13. ਜੇਕਰ ਕਿਸੇ ਵਿਦਿਆਰਥੀ ਦਾ ਨਤੀਜਾ ਕਿਸੇ ਕਾਰਨ ਦੇਰ ਨਾਲ ਆਉਂਦਾ ਹੈ ਤਾਂ ਉਹ ਨਤੀਜਾ ਕਾਰਡ ਵਿੱਚ ਛਪੀ ਤਾਰੀਖ ਤੋਂ 10 ਦਿਨਾਂ ਦੇ ਅੰਦਰ-ਅੰਦਰ ਕਾਲਜ ਵਿੱਚ ਦਾਖ਼ਲਾ ਲੈ ਸਕਦਾ ਹੈ ਬਸ਼ਰਤੇ ਉਹ ਦਾਖ਼ਲੇ ਸੰਬਧੀ ਦੂਜੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ, ਉਸ ਦਾ ਦਾਖ਼ਲਾ ਫ਼ਾਰਮ ਸਹੀ ਸਮੇਂ ਆਨ-ਲਾਈਨ ਹੋਇਆ ਹੋਵੇ, ਕਾਲਜ ਵਿਚ ਉਸਦੀ ਹਾਰਡ ਕਾਪੀ ਜਮ੍ਹਾਂ ਹੋਵੇ ਅਤੇ ਕਾਲਜ ਵਿਚ ਦਾਖ਼ਲੇ ਲਈ ਸੀਟਾਂ ਖਾਲੀ ਹੋਣ ।

14. ਅਗਲੀ ਕਲਾਸ ਵਿੱਚ ਦਾਖ਼ਲਾ ਲੈਣ ਸਮੇਂ ਹਰ ਵਿਦਿਆਰਥੀ ਲਈ ਪੰਜਾਬ ਦਾਖ਼ਲਾ ਪੋਰਟਲ ਅਤੇ ਯੂਨੀਵਰਸਿਟੀ ਪੋਰਟਲ ਤੇ ਆਨ-ਲਾਈਨ ਅਪਲਾਈ ਕਰਨਾ ਲਾਜ਼ਮੀ ਹੈ।
15. ਸਮੇਂ – ਸਮੇਂ ਤੇ ਯੂਨੀਵਰਸਿਟੀ / ਯੂ.ਜੀ.ਸੀ. ਅਤੇ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਆਦੇਸ਼ਾਂ ਅਨੁਸਾਰ ਦਾਖ਼ਲੇ ਦੇ ਨਿਯਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।
16. ਸਾਰੇ ਵਿਦਿਆਰਥੀ ਆਪਣਾ ਬਲੱਡ ਗਰੁੱਪ ਦਾਖ਼ਾਲਾ ਫ਼ਾਰਮ ਵਿੱਚ ਭਰਨਾ ਯਕੀਨੀ ਬਣਾਉਣਗੇ ਤਾਂ ਜੋ ਇਸ ਦਾ ਇੰਦਰਾਜ ਉਹਨਾਂ ਦੇ ਸ਼ਨਾਖਤੀ ਕਾਰਡਾਂ ਉੱਪਰ ਕੀਤਾ ਜਾ ਸਕੇ ।
17. ਜੋ ਵਿਦਿਆਰਥੀ ਐਸ.ਸੀ. ਸਕੀਮ ਅਧੀਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਲੈਣਾ ਚਾਹੁੰਦੇ ਹਨ ਉਹ ਆਨ –ਲਾਈਨ ਦਾਖ਼ਲਾ ਫ਼ਾਰਮ ਭਰਦੇ ਸਮੇਂ ਵਿਦਿਆਰਥੀ ਵੱਲੋਂ ਦਿੱਤਾ ਜਾਣ ਵਾਲਾ ਹਲਫੀਆ ਬਿਆਨ ਭਰਨਗੇ ਅਤੇ ਉਸਦੀ ਹਾਰਡ ਕਾਪੀ ਦਾਖ਼ਲਾ ਫ਼ਾਰਮ ਦੇ ਨਾਲ ਹੀ ਜਮ੍ਹਾਂ ਕਰਵਾਉਣਗੇ । ਇਹ ਹਲਫੀਆ ਬਿਆਨ ਆਨ-ਲਾਈਨ ਪ੍ਰਾਸਪੈਕਟਸ ਵਿਚ ਉਪਲਬਧ ਹੈ ।
18. ਨਿਯਮਾਂ ਦੀ ਵਿਆਖਿਆ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਦਾ ਹੋਵੇਗਾ ।
19. **ਕਿਸੇ ਵੀ ਤਰ੍ਹਾਂ ਨਾਲ ਅਧੂਰੇ ਫ਼ਾਰਮ ਰੱਦ ਕਰ ਦਿੱਤੇ ਜਾਣਗੇ।**
20. **ਦਾਖ਼ਲੇ ਲਈ ਸਾਰੇ ਸਰਟੀਫ਼ਿਕੇਟ ਆਨਲਾਈਨ ਅਪਲੋਡ ਕਰਨੇ ਅਤਿ ਜ਼ਰੂਰੀ ਹਨ।**

## ਗੈਪ ਕੇਸ (Gap Case) ਸਬੰਧੀ

- ਪੜ੍ਹਾਈ ਵਿੱਚ ਕੇਵਲ ਦੋ ਸਾਲ ਤੱਕ ਗੈਪ ਵਾਲੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਸੀਟਾਂ ਦੀ ਉਪਲਬਧਤਾ ਅਤੇ ਯੂਨੀਵਰਸਿਟੀ ਦੇ ਨਿਯਮਾਂ ਦੇ ਆਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ ।
- ਗੈਪ ਕੇਸ ਵਾਲੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਵੱਲੋਂ ਸਵੈ ਹਲਫੀਆ ਬਿਆਨ ਦਾ ਫ਼ਾਰਮ ਜਮ੍ਹਾਂ ਕਰਵਾਉਣਾ ਪਵੇਗਾ ਜਿਸ ਵਿਚ ਗੈਪ ਪੈਣ ਸਬੰਧੀ ਕਾਰਣਾਂ ਦਾ ਵੇਰਵਾ ਹੋਵੇ । ਗੈਪ ਸਬੰਧੀ ਫ਼ਾਰਮ ਪ੍ਰਾਸਪੈਕਟਸ ਦੇ ਅੰਤ ਵਿੱਚ ਨੱਥੀ ਹੈ ।

**ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖ਼ਲੇ ਸੰਬਧੀ ਵਿਸ਼ੇਸ਼ ਹਦਾਇਤਾਂ**

(Special Instructions for Students of Boards / Universities from Outside Punjab)

- ਪੰਜਾਬ ਰਾਜ ਤੋਂ ਬਾਹਰ ਦੇ ਬੋਰਡਾਂ ਜਾਂ ਯੂਨੀਵਰਿਸੀਟਆਂ ਦੇ ਵਿਦਿਆਰਥੀਆਂ ਨੂੰ ਇਸ ਕਾਲਜ ਵਿੱਚ ਦਾਖ਼ਲਾ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਧੀਨ ਹੀ ਮਿਲੇਗਾ ਅਜਿਹੇ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਬਰਾਂਚ ਤੋਂ ਪਾਤਰਤਾ / Eligibility ਸਰਟੀਫ਼ਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
- **Eligibility Certificate :**
  - ✓ Students from Punjab School Education Board, Haryana School Education Board, Himachal Pardesh School Education Board and Punjab University, Chndigarh do not need Eligibility Certificate.
  - ✓ Students from School situated in Punjab & Chandigarh affiliated to C.B.S.E. and ICSE, New Delhi do not need Eligibility Certificate.
  - ✓ Students from all other Boards/Universities need eligibility certificate from Registration Beanch of Punjabi University, Patiala

- **Migration Certificate :**
  - ✓ Students from Punjab School Education Board, Haryana Education Board, Himachal Pardesh School Education Board and Punjabi University Patiala do not need migration certificate. But students from other Board need migration certificate. They have to submit original DMC and migration certificate in college office within one month. If delayed student would be responsible for any charge imposed by the University.

- **Punjabi Compulsory (Mudhla Gyan) in lieu of Punjabi Compulsory**

  **Students with below mentioned conditions can study Punjabi Mudhla Gyan in lieu of Punjabi Compulsory :**
  - ✓ Students who have done Matric, outside Punjab.
  - ✓ Wards of Defence Personnel / Para Military Personnel (Retired or in-service) the father of the student will submit the affidavit. If the father is not alive mother or guardian can submit the affidavit (affidavit is attached at the end of the prospectus)

………………………………………………………………………………………………………………………

## State – wise List of Fake Universities

**ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਹੇਠ ਲਿਖੀਆਂ ਯੂਨੀਵਰਸਿਟੀਆਂ ਨੂੰ ਜਾਅਲੀ ਯੂਨੀਵਰਸਿਟੀਆਂ ਘੋਸ਼ਿਤ ਕੀਤਾ ਗਿਆ ਹੈ ।**

**Bihar**

- Maithiliy University/ Vishwavidalaya, Darbhanga, Bihar.

**Delhi**

- Commercial University Ltd. Daryaganj, Delhi
- United Nations University, Delhi
- Vocational University, Delhi
- ADR-Centric Juridical University, ADR House, 8J, Gopala Tower, 25 Rajendra Place, New Delhi – 110008.
- Indian Institute of Science and Engineering, New Delhi.

- Vishwakarma Open University for Self-Employment, Rozgar Sewasadan, 672, Sanjay Enclave, Opp. GTK Depot, Delhi -110033.
- Adhyatmik Vishwavidyalya (Spiritual University), 351-352, Phase-I, Block-A, Vijay, Rithala, Rohini, Delhi-110085

**Karnataka**

- Badaganvi Sarkar World Open University Education Society, Gokak, Belgaum, Karnataka.

**Kerala**

- St. Johan's University, Kishanattam, Kerala.

**Maharashtra**

- Raja Arabic University, Nagpur, Maharashtra.

**West Bengal**

- Indian Institute of Alternative Medicine, Kolkata.
- Institute of Alternative Medicine and Research, 8-A, Diamond Harbour Road, Builtech inn, 2nd Floor, Thakurpurkur, Kolkata -700063

**Uttar Pradesh**

- Varanaseya Sanskrit Vishwavidyalaya, Varanasi (UP) Jagatpuri, Delhi.
- Mahila Gram Vidyapith/ Vishwavidyalaya, (Women's University) Prayag, Allahabad, Uttar Pradesh.
- Gandhi Hindi Vidyapith, Prayag, Allahabad, Uttar Pradesh.
- National University of Electro Complex Homeopathy, Kanpur, Uttar Pradesh.
- Netaji Subhash Chandra Bose University (Open University), Achaltal, Aligarh, Uttar Pradesh.
- Uttar Pradesh Vishwavidyalaya, Kosi Kalan, Mathura, Uttar Pradesh.
- Maharana Pratap Shiksha Niketan Vishwavidyalaya, Pratapgarh, Uttar Pradesh.
- Indraprashta Shiksha Parishad, Institutional Area, Khoda, Makanpur, Noida Phase-II, Uttar Pradesh.

**Odisha**

- Nababharat Shiksha Parishad, Anupoorna Bhawan, Plot No. 242, Pani Tanki Road, Shaktinagar, Rourkela-7690M.
- North Orissa University of Agriculture & Technology, Odisha.

**Puducherry**

- Sree Bodhi Academy of Higher Education, No.186, Thilaspet, Vazhuthavoor Road, Puducherry.

## **ਸੀਟਾਂ ਦਾ ਰਾਖਵਾਂਕਰਨ** (Reservation of Seats as per Punjab Government Rules)

**ਰਾਖਵੀਆਂ ਸੀਟਾਂ ਵਿੱਚ ਦਾਖ਼ਲਾ ਸਰਕਾਰ ਵੱਲੋਂ ਜਾਰੀ ਰਾਖਵੇਂ ਕੋਟੇ ਅਨੁਸਾਰ ਕੀਤਾ ਜਾਵੇਗਾ ਜੋ ਇਸ ਪ੍ਰਕਾਰ ਹੈ : -**

- ✓ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਲਈ **SC/ST** — **25%**
- ✓ ਪੱਛੜੀਆਂ ਸ਼੍ਰੇਣੀਆਂ ਲਈ (**BC**) — **10%**
- ✓ ਆਰਮਡ ਫੋਰਸ/ਸੀ.ਆਰ.ਪੀ.ਐੱਫ/ਬੀ.ਐੱਸ.ਐੱਫ/ਪੁਲਿਸ ਵਿੱਚ ਕੰਮ ਕਰ ਰਹੇ, ਸੇਵਾ ਮੁਕਤ ਕਰਮਚਾਰੀਆਂ ਦੇ ਬੱਚਿਆ ਲਈ — **02**%

(ਇਸ ਵਿੱਚ ਉਹ ਅਧਿਕਾਰੀ/ਕਰਮਚਾਰੀ ਵੀ ਸ਼ਾਮਲ ਹੋਣਗੇ ਜੋ ਸੇਵਾ ਦੌਰਾਨ ਸਵਰਗਵਾਸ ਹੋ ਗਏ, ਫੌਜੀਆਂ/ਸੇਵਾ ਨਿਭਾ ਰਹੇ ਸੁਰਖਿਆ ਕਰਮਚਾਰੀਆਂ ਦੇ ਬੱਚੇ ਅਤੇ ਪੁਲਿਸ/ਪੰਜਾਬ ਸਰਕਾਰ ਦੇ ਕਰਮਚਾਰੀ/ਪੰਜਾਬੀ ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਬੱਚਿਆਂ ਲਈ ਜਿਨ੍ਹਾਂ ਨੂੰ ਗੇਲੈਂਟਰੀ ਐਵਾਰਡ ਮਿਲੇ ਹੋਣ)

- ✓ ਖਿਡਾਰੀ (ਡਾਇਰੈਕਟਰ, ਖੇਡ ਵਿਭਾਗ ਪੰਜਾਬ ਵੱਲੋਂ ਗ੍ਰੇਡਡ) — **02%**

- ✓ ਅਧਿਆਪਕ/ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ **02**%
- ✓ ਅਪੰਗ ਵਿਅਕਤੀਆਂ ਲਈ (ਨੇਤਰਹੀਨ ਅਤੇ ਘੱਟ ਨਜ਼ਰ ਵਾਲੇ, ਗੂੰਗੇ ਬੋਲੇ, ਸਰੀਰਕ ਤੌਰ ਤੇ ਅੰਗਹੀਣ) **03**% (**ਹਰੇਕ ਲਈ 1**%)
- ✓ ਆਜਾਦੀ ਸੰਗਰਾਮੀਆਂ ਦੇ ਬੱਚਿਆਂ ਪੋਤੇ/ਪੋਤਰੀਆਂ/ਦੋਹਤੇ ਦੋਹਤਰੀਆਂ ਲਈ **02**%
- ✓ ਬਾਰਡਰ ਏਰੀਆ **02**%
- ✓ ਬੈਕਵਰਡ ਏਰੀਆ **02**%
- ✓ ਨਵੰਬਰ -1984 ਦੇ ਦੰਗਾ ਪੀੜਤਾ ਲਈ **02**%
- ✓ ਤਲਾਕਸ਼ੁਦਾ /ਵਿਧਵਾ ਔਰਤਾਂ ਲਈ **02**%

ਦਾਖ਼ਲਾ ਫ਼ਾਰਮ ਭਰਦੇ ਸਮੇਂ ਧਿਆਨ ਦੇਣ ਯੋਗ ਹਦਾਇਤਾਂ (**Instructions for filling the form)**

ਦਾਖ਼ਲਾ ਫ਼ਾਰਮ ਕੇਵਲ ਆਨ-ਲਾਈਨ (Admission Portal (punjab.gov.in) ਤੇ ਹੀ ਭਰੇ ਜਾਣਗੇ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਰਜਿਸਟਰੇਸ਼ਨ ਯੂਨੀਵਰਸਿਟੀ ਦੀ ਵੈਬਸਾਈਟ **www.punjabiuniversity.ac.in** ਤੇ ਕੀਤੀ ਜਾਵੇ।

21. ਅਧੂਰੇ ਦਾਖ਼ਲਾ ਫ਼ਾਰਮ ਰੱਦ ਕਰ ਦਿੱਤੇ ਜਾਣਗੇ।
22. ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ, ਲਾਗੂ ਨਾ ਹੋਣ ਦੀ ਸੂਰਤ ਵਿੱਚ N.A. ਜਾਂ ਕਰਾਸ ਲਗਾਇਆ ਜਾਵੇ।
23. ਦਾਖ਼ਲਾ ਫ਼ਾਰਮ ਉੱਤੇ ਮਾਤਾ – ਪਿਤਾ, ਗਾਰਡੀਅਨ ਦੇ ਅਸਲੀ ਦਸਤਖਤ ਹੋਣੇ ਜਰੂਰੀ ਹਨ।
24. ਫ਼ਾਰਮ ਵਿੱਚ ਘਰ ਦਾ ਪੱਕਾ ਪਾਤ ਅਤੇ ਫੋਨ/ਮੋਬਾਈਲ ਨੰਬਰ ਭਰੇ ਜਾਣ ਤਾਂ ਜੋ ਸਮੇਂ-ਸਮੇਂ ਤੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਸਬੰਧੀ ਸੂਚਨਾ ਉਨ੍ਹਾਂ ਦੇ ਮਾਪਿਆਂ ਨੂੰ ਦਿੱਤੀ ਜਾ ਸਕੇ।
25. ਪਾਸਪੋਰਟ ਸਾਈਜ਼ ਹਲਕੀ ਬੈਕ ਗਰਾਊਂਡ ਵਾਲੀ ਫੋਟੋ ਆਨ-ਲਾਈਨ ਅਪਲੋਡ ਕੀਤੀ ਜਾਵੇ।
26. ਵਿਦਿਆਰਥੀ ਨਿਜੀ ਤੌਰ ਤੇ ਆਪਣਾ ਦਾਖ਼ਲਾ ਫ਼ਾਰਮ ਜਿਸ ਨਾਲ ਯੋਗਤਾ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲੱਗੀਆਂ ਹੋਣ ਅਤੇ ਅਸਲ ਸਰਟੀਫਿਕੇਟ ਸਮੇਤ ਦਾਖ਼ਲਾ ਕਮੇਟੀ ਦੇ ਸਾਹਮਣੇ ਪੇਸ਼ ਹੋਣਾ ਜਰੂਰੀ ਹੈ।

**ਨੋਟ : ਕਿਸੇ ਵੀ ਕਲਾਸ /ਵਿਸ਼ੇ ਵਿੱਚ ਨਿਰਧਾਰਿਤ ਸੀਟਾਂ ਪੂਰੀਆਂ ਹੋਣ ਤੇ ਉਸ ਕਲਾਸ /ਵਿਸ਼ੇ ਵਿੱਚ ਦਾਖ਼ਲਾ ਬੰਦ ਕਰ ਦਿੱਤਾ ਜਾਵੇਗਾ।**

**ਅਤਿ ਜਰੂਰੀ ਨੋਟ** :- ਦਾਖ਼ਲਾ ਹੋਣ ਉਪਰੰਤ ਹਰੇਕ ਵਿਦਿਆਰਥੀ ਲਈ ਲਾਜ਼ਮੀ ਹੈ ਕਿ ਉਹ ਇੱਕ ਹਫਤੇ ਦੇ ਅੰਦਰ-ਅੰਦਰ ਹੇਠ ਲਿਖੀ ਵੈਬਸਾਈਟ **www.amanmovement.org** ਤੇ ਜਾ ਕੇ ਰੈਗਿੰਗ ਸਬੰਧੀ ਆਪਣੇ ਅਤੇ ਆਪਣੇ ਮਾਤਾ –ਪਿਤਾ ਵੱਲੋਂ 2 ਵੱਖਰੇ –ਵੱਖਰੇ ਨਿਰਧਾਰਿਤ **Anti Ragging Affidavit** ਭਰ ਕੇ ਅਪਲੋਡ ਕਰੇਗਾ ਅਤੇ ਇਨ੍ਹਾਂ ਦੇ ਪ੍ਰਿੰਟ ਆਊਟ ਆਪਣੀ ਦਾਖ਼ਲਾ ਕਮੇਟੀ ਦੇ ਕਨਵੀਨਰ ਕੋਲ ਜਮ੍ਹਾਂ ਕਰਵਾਏਗਾ।

---

## ਵੱਖ -ਵੱਖ ਕੋਰਸਾਂ ਵਿੱਚ ਦਾਖਲੇ ਲਈ ਯੋਗਤਾ (ਬੀ.ਏ., ਬੀ.ਕਾਮ)

**ਬੀ.ਏ. ਭਾਗ ਪਹਿਲਾ** – ਸਮੈਸਟਰ ਪ੍ਰਣਾਲੀ ਤਹਿਤ ਰੈਗੂਲਰ ਕੋਰਸ (**B.A. Part-1)** ਵਿੱਚ ਦਾਖ਼ਲੇ ਲਈ ਯੋਗਤਾ :

**(ਸੀਟਾਂ ਦੀ ਗਿਣਤੀ -- 60 )**

1. ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ / ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ।
2. ਸਾਇੰਸ ਜਾਂ ਕਾਮਰਸ ਦੇ ਵਿਸ਼ਿਆ ਨਾਲ 10+2 ਪਾਸ ਕਰਨ ਵਾਲੇ ਵਿਦਿਆਰਥੀ ਵੀ ਬੀ.ਏ. ਭਾਗ -1 ਵਿੱਚ ਦਾਖ਼ਲਾ ਲੈ ਸਕਦਾ ਹੈ।

3. ਬੀ.ਏ. ਭਾਗ -1 ਵਿੱਚ ਸਿਰਫ ਉਹ ਵਿਦਿਆਰਥੀ ਗਣਿਤ ਲੈ ਸਕਦਾ ਹੈ ਜਿਸ ਨੇ ਪਹਿਲਾਂ 10+2 ਦਾ ਇਮਤਿਹਾਨ ਗਣਿਤ ਨਾਲ ਪਾਸ ਕੀਤਾ ਹੋਵੇ ।

**ਬੀ.ਏ. ਭਾਗ ਪਹਿਲਾ ਲਈ ਵਿਸ਼ੇ** : ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਕਾਲਜ ਵਿੱਚ ਉਪਲਬਧ ਵਿਸ਼ਿਆਂ ਵਿੱਚੋਂ ਤਿੰਨ ਵਿਸ਼ੇ ਆਪਣੀ ਯੋਗਤਾ ਅਨੁਸਾਰ ਚੁਣ ਸਕਦੇ ਹਨ ਜਦਕਿ ਦੋ ਲਾਜ਼ਮੀ ਵਿਸ਼ੇ ਸਾਰੇ ਵਿਦਿਆਰਥੀਆਂ ਨੂੰ ਲੈਣੇ ਪੈਣਗੇ।

**ਲਾਜ਼ਮੀ ਵਿਸ਼ੇ** : 1. ਅੰਗਰੇਜ਼ੀ 2. ਪੰਜਾਬੀ/ਮੁੱਢਲਾ ਗਿਆਨ

**ਨੋਟ** :- ਉਪਰੋਕਤ ਤੋਂ ਇਲਾਵਾ ਹੇਠ ਲਿਖੇ 1.2.3.4.5 ਗਰੁੱਪਾ ਵਿੱਚੋਂ ਕਿਸੇ ਤਿੰਨ ਗਰੁੱਪਾਂ ਵਿੱਚੋਂ ਇੱਕ-ਇੱਕ ਵਿਸ਼ਾ ਲੈਣਾ ਲਾਜ਼ਮੀ ਹੈ :

| **ਗਰੁੱਪ-1** | **ਗਰੁੱਪ-2** | **ਗਰੁੱਪ-3** | **ਗਰੁੱਪ-4** | **ਗਰੁੱਪ-5** |
|---|---|---|---|---|
| ਅਰਥ ਸ਼ਾਸਤਰ | ਇਤਿਹਾਸ | ਰਾਜਨੀਤੀ ਵਿਗਿਆਨ | ਪੰਜਾਬੀ ਸਾਹਿਤ | ਲੋਕ ਪ੍ਰਸ਼ਾਸਨ |
| ਸਮਾਜ ਸ਼ਾਸਤਰ | ਗਣਿਤ | | ਹਿੰਦੀ ਸਾਹਿਤ | |

**ਬੀ.ਏ. ਭਾਗ** II & III – (**B.A. Part-II & III**) ਵਿੱਚ ਦਾਖਲਾ ਲੈਣ ਲਈ ਯੋਗਤਾ :

ਸਮੈਸਟਰ 3rd/ 5th ਵਿੱਚ ਉਹੀ ਵਿਦਿਆਰਥੀ ਦਾਖ਼ਲਾ ਲੈ ਸਕਦਾ ਹੈ ਜਿਸ ਨੇ ਪਿਛਲੇ ਸਮੈਸਟਰ ਨੂੰ ਮਿਲਾ ਕੇ ਘੱਟ ਤੋਂ ਘੱਟ 5 ਪੇਪਰ ਪਾਸ ਕੀਤੇ ਹੋਣਗੇ ।

1. ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਬਾਹਰਲੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਸ ਕਾਲਜ ਵਿੱਚ ਦਾਖ਼ਲਾ ਤਾਂ ਹੀ ਮਿਲ ਸਕਦਾ ਹੈ ਜੇਕਰ ਉਹਨਾਂ ਦਾ ਵਿਸ਼ਾ ਜੁੱਟ ਇਸ ਕਾਲਜ ਵਿਚ ਉਪਲਬਧ ਹੋਵੇਗਾ।
2. ਚੌਥੇ ਸਮੈਸਟਰ ਵਿੱਚ **Environment and Safety Awareness** ਵਿਸ਼ਾ ਪੜ੍ਹਨਾ ਲਾਜ਼ਮੀ ਹੈ ਅਤੇ ਬੀ.ਏ. ਭਾਗ ਦੂਜੀ ਵਿੱਚ ਵਿਸ਼ਾ ਬਦਲਣ ਦੀ ਸਖਤ ਮਨਾਹੀ ਹੈ ।

**ਬੀ.ਕਾਮ ਭਾਗ ਪਹਿਲਾ** (**B.Com. Part-1**), ਸਮੈਸਟਰ ਪ੍ਰਣਾਲੀ ਤਹਿਤ ਰੈਗੂਲਰ ਦਾਖ਼ਲੇ ਲਈ ਯੋਗਤਾ :

**(ਸੀਟਾਂ ਦੀ ਗਿਣਤੀ -- 60 )**

1. ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ / ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ ।
2. ਕਾਮਰਸ ਗਰੁੱਪ ਦੇ ਵਿਦਿਆਰਥੀ ਦੇ ਘੱਟੋ – ਘੱਟ 40% ਕੁੱਲ ਅੰਕ ਹੋਣੇ ਚਾਹੀਦੇ ਹਨ।
3. 10+2 ਕਾਮਰਸ ਦੇ ਵਿਦਿਆਰਥੀਆਂ ਨੇ ਅਰਥ ਸ਼ਾਸਤਰ/ਮੈਨੇਜਮੇਂਟ/ਗਣਿਤ/ਅਕਾਊਂਟਸ ਆਦਿ ਘੱਟੋ –ਘੱਟ 2 ਵਿਸ਼ਿਆਂ ਵਿਚ 45% ਅੰਕ ਪ੍ਰਾਪਤ ਕੀਤੇ ਹੋਣ।
4. ਦੂਜੇ ਕਿਸੇ ਵੀ ਗਰੁੱਪ ਵਿੱਚੋਂ ਵਿਦਿਆਰਥੀ ਦੇ ਘੱਟੋ –ਘੱਟ 50% ਅੰਕ ਹੋਣੇ ਚਾਹੀਦੇ ਹਨ ਭਾਵੇਂ ਉਸ ਨੇ 10+2 ਵਿਚ ਕਾਮਰਸ ਨੂੰ ਇੱਕ ਵਿਸ਼ੇ ਵਜੋਂ ਵੀ ਪੜ੍ਹਿਆ ਹੋਵੇ।

**ਨੋਟ** : ਦਾਖ਼ਲਾ ਮੈਰਿਟ ਅਤੇ ਨਿਰਧਾਰਿਤ ਨਿਯਮਾਂ ਦੇ ਆਧਾਰ ਤੇ ਹੋਵੇਗਾ । ਮੈਰਿਟ ਲਿਸਟ ਦਾਖ਼ਲਾ ਮਿਤੀ ਤੋਂ ਪਹਿਲਾਂ ਕਾਲਜ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ ।

**ਬੀ.ਕਾਮ ਭਾਗ -I /B.Com. Part-1 ਦੇ ਪੜ੍ਹੇ ਜਾਣ ਵਾਲੇ ਵਿਸ਼ੇ**

| **Semester-I** | **Semester-II** |
|---|---|
| 1. Punjabi (C)/Mudla Gyan<br>2. English (Communication Skills)<br>3. Financial Accounting-I | 1. Punjabi (C)/Mudla Gyan<br>2. English (Communication Skills)<br>3. Financial Accounting-II |

| | |
|---|---|
| 4. Business Law-I<br>5. Computer Applications in Business<br>6. Principles of Economics-I | 4. Business Law-II<br>5. Business Maths<br>6. Principles of Economics-II |

**ਬੀ.ਕਾਮ ਭਾਗ ਦੂਜਾ** (**B.Com. Part-2 & 3)**, ਸਮੈਸਟਰ ਪ੍ਰਣਾਲੀ ਤਹਿਤ ਰੈਗੂਲਰ ਦਾਖ਼ਲੇ ਲਈ ਯੋਗਤਾ :

**(ਸੀਟਾਂ ਦੀ ਗਿਣਤੀ --** 60)

1. ਬੀ.ਕਾਮ ਭਾਗ IInd, IIIrd ਵਿੱਚ ਦਾਖ਼ਲਾ ਲੈਣ ਲਈ ਕੇਵਲ ਉਹ ਵਿਦਿਆਰਥੀ ਹੀ ਯੋਗ ਹੋਵੇਗਾ ਜਿਸਨੇ ਪਹਿਲੇ ਅਤੇ ਦੂਜੇ ਸਮੈਸਟਰ ਵਿਚ ਘੱਟੋ-ਘੱਟ 6 ਪੇਪਰ ਪਾਸ ਕੀਤੇ ਹੋਣਗੇ। ਭਾਵ ਉਹਨਾਂ ਦੀਆਂ ਪਿਛਲੇ ਸਮੈਸਟਰ ਵਿੱਚੋਂ 6 ਤੋਂ ਜਿਆਦਾ ਵਿਸ਼ਿਆ ਵਿਚ ਰੀਅਪੀਅਰ ਨਾ ਹੋਵੇ।
2. ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਬਾਹਰਲੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਬੀ.ਕਾਮ. ਭਾਗ IInd, IIIrd (**ਸਮੈਸਟਰ 3 or 5**) ਵਿਚ ਦਾਖ਼ਲਾ ਤਾਂ ਹੀ ਮਿਲੇਗਾ ਜੇਕਰ ਇਸ ਕਲਾਸ ਵਿਚ ਉਹਨਾਂ ਲਈ ਸੀਟ ਉਪਲਬਧ ਹੋਵੇਗੀ।

---

## ਸਵੈ ਵਿੱਤੀ ਕਿੱਤਾ ਮੁੱਖੀ ਕੋਰਸ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ ਰਚਨਾਤਮਕ ਲਿਖਾਈ ਅਤੇ ਸਮੱਗਰੀ ਵਿਕਾਸ ਦਾ 6 ਮਹੀਨੇਂ ਦਾ ਸਰਟੀਫਿਕੇਟ ਕੋਰਸ ਇਸ ਕਾਲਜ ਵਿਖੇ ਸੈਸ਼ਨ 2023-24 ਲਈ ਸ਼ੁਰੂ ਕੀਤਾ ਗਿਆ ਹੈ।

ਕੋਰਸ ਦਾ ਨਾਮ : **ਰਚਨਾਤਮਕ ਲਿਖਾਈ ਅਤੇ ਸਮੱਗਰੀ ਵਿਕਾਸ**

ਕੋਰਸ ਦੀ ਮਿਆਦ : 06 ਮਹੀਨੇਂ

ਕੋਰਸ ਕੋਆਰਡੀਨੇਟਰ : ਡਾ. ਦਿਲਰਾਜ ਕੌਰ

**ਨੋਟ : ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਡਿਗਰੀ ਕਰ ਰਹੇ ਵਿਦਿਆਰਥੀ ਅਤੇ ਕਿਸੇ ਵੀ ਵਿਸ਼ੇ ਵਿੱਚ 10+2 ਪਾਸ ਕਰ ਚੁੱਕੇ ਵਿਦਿਆਰਥੀ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦੇ ਹਨ।**

## ਕਾਲਜ ਪੀ.ਟੀ.ਏ

ਕਾਲਜ ਵਿੱਚ ਪੀ.ਟੀ.ਏ. (ਮਾਪੇ ਅਧਿਆਪਕ ਐਸੋਸੀਏਸ਼ਨ) ਐਸੋਸੀਏਸ਼ਨ ਜੋ ਕਿ ਸ਼ੁਰੂ ਤੋਂ ਹੀ ਕਾਲਜ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਕਾਲਜ ਦੇ ਅਧਿਆਪਕਤਾਂ ਤੋਂ ਮਿਲ ਕੇ ਬਣਦੀ ਹੈ। ਸੈਸ਼ਨ ਦੀ ਸ਼ੁਰੂਆਤ ਵਿਚ ਅਧਿਆਪਕ ਅਤੇ ਮਾਤਾ-ਪਿਤਾ ਦੀ ਮੀਟਿੰਗ ਹੁੰਦੀ ਹੈ। ਇਸ ਮੀਟਿੰਗ ਵਿੱਚ ਪੀ.ਟੀ.ਏ. ਫੰਡ ਦੇ ਨਿਯਮਾਂ ਅਨੁਸਾਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ। ਪ੍ਰਿੰਸੀਪਲ ਇਸ ਐਸੋਸੀਏਸ਼ਨ ਦੇ ਪ੍ਰਧਾਨ ਹੁੰਦੇ ਹਨ। ਪੀ.ਟੀ.ਏ. ਫੰਡ ਦਾਖ਼ਲਾ ਫੀਸ ਦੇ ਨਾਲ ਲਿਆ ਜਾਂਦਾ ਹੈ। ਪੀ.ਟੀ.ਏ. ਫੰਡ ਤੋਂ ਹੇਠ ਲਿਖੇ ਵਿਦਿਆਰਥੀਆਂ ਨੂੰ ਛੋਟ ਦਿੱਤੀ ਜਾ ਸਕਦੀ ਹੈ :

1. ਯੂਨੀਵਰਸਿਟੀ ਪੱਧਰ ਤੇ ਅਕਾਦਮਿਕ ਖੇਤਰ ਵਿੱਚ ਪਹਿਲੀ ਅਤੇ ਦੂਜੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ।

2. ਅੰਤਰ-ਰਾਸ਼ਟਰੀ /ਅੰਤਰ ਯੂਨੀਵਰਸਿਟੀ ਵਿੱਚ ਪੁਜ਼ੀਸ਼ਨ ਲੈਣ ਵਾਲੇ ਵਿਦਿਆਰਥੀ, ਖੇਡਾਂ ਦੇ ਖੇਤਰ ਵਿੱਚ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੁਜੀਸ਼ਨ ਲੈਣ ਵਾਲੇ ਵਿਦਿਆਰਥੀ ।

3. ਦਿਵਿਆਂਗ ਵਿਦਿਆਰਥੀ ਜਿਹਨਾਂ ਦੀ ਡਿਸਅਬਿਲਿਟੀ 50% ਤੋਂ ਵੱਧ ਹੋਵੇ ।

4. ਮਾਤਾ – ਪਿਤਾ ਦੇ ਜੀਵਤ ਨਾ ਹੋਣ ਕਾਰਨ ।

5. ਦੋ ਸਕੇ ਭੈਣ ਭਰਾ ਪੜ੍ਹਦੇ ਹੋਣ ਤਾਂ ਕਿਸੇ ਇੱਕ ਦਾ ਪੀ.ਟੀ.ਏ. ਫੰਡ ਮਾਫ ਕੀਤਾ ਜਾ ਸਕਦਾ ਹੈ।

## ਹਾਜ਼ਰੀਆਂ / ਛੁੱਟੀ ਅਤੇ ਪੁਨਰ ਦਾਖ਼ਲੇ ਸਬੰਧੀ ਨਿਯਮ

- ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜੇਕਰ ਵਿਦਿਆਰਥੀ ਨੇ ਹਰ ਵਿਸ਼ੇ ਵਿੱਚ ਲੱਗੇ ਘੱਟੋ-ਘੱਟ 75% ਲੈਕਚਰਾਂ ਵਿੱਚ ਹਾਜਰ ਨਹੀਂ ਹੁੰਦਾ ਤਾਂ ਉਸ ਨੂੰ ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਕਿਸੇ ਵਿਸ਼ੇ ਵਿੱਚੋਂ ਲਗਾਤਾਰ 10 ਦਿਨ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਦਾ ਨਾਮ ਕੱਟ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਫੀਸ ਜਮ੍ਹਾਂ ਨਾ ਕਰਵਾਉਣ ਵਾਲੇ ਵਿਦਿਆਰਥੀਆਂ ਅਤੇ ਅਨੁਸ਼ਾਸਨਹੀਣਤਾ ਕਰਨ ਵਾਲੇ ਵਿਦਿਆਰਥੀਆਂ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।
- ਨਾਮ ਕੱਟੇ ਜਾਣ ਦੀ ਸੂਰਤ ਵਿੱਚ ਸਬੰਧਤ ਵਿਦਿਆਰਥੀ ਆਪਣੇ ਮਾਪਿਆਂ ਨਾਲ ਨਾਮ ਕੱਟਣ ਦੀ ਮਿਤੀ ਤੋਂ ਇਕ ਹਫਤੇ ਦੇ ਅੰਦਰ – ਅੰਦਰ ਸਬੰਧਤ ਅਧਿਆਪਕ ਤੋਂ ਆਪਣੇ ਚੰਗੇ ਵਿਵਹਾਰ ਸਦਕਾ ਸਿਫਾਰਿਸ਼ ਮਿਲ ਜਾਣ ਤੇ ਪ੍ਰਿੰਸੀਪਲ ਦੀ ਆਗਿਆ ਨਾਲ ਮੁੜ ਦਾਖ਼ਲਾ ਲੈ ਸਕਦਾ ਹੈ, ਪ੍ਰੰਤੂ ਉਸ ਨੂੰ ਮੁੜ ਦਾਖ਼ਲਾ ਫੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ।
- 10 ਦਿਨਾਂ ਤੱਕ ਲਗਾਤਾਰ ਗੈਰ ਹਾਜਰ ਰਹਿਣ ਦੇ ਆਧਾਰ ਤੇ ਨਾਮ ਕੱਟ ਜਾਣ ਦੀ ਹਾਲਤ ਵਿੱਚ ਕੇਵਲ ਸੱਤ ਦਿਨਾਂ ਦੇ ਅੰਦਰ-ਅੰਦਰ ਹੀ ਸਬੰਧਤ ਵਿਦਿਆਰਥੀ ਮੁੜ ਦਾਖ਼ਲਾ ਲੈ ਸਕਦਾ ਹੈ। ਇਸ ਤੋਂ ਬਾਅਦ ਵਿਦਿਆਰਥੀ ਆਪਣੇ ਦਾਖ਼ਲੇ ਦਾ ਅਧਿਕਾਰ ਗੁਆ ਬੈਠਦਾ ਹੈ ।
- ਵਿਦਿਆਰਥੀ ਦੇ ਲੈਕਚਰ ਕਲਾਸਾਂ ਸ਼ੁਰੂ ਹੋਣ ਤੇ ਗਿਣੇ ਜਾਣਗੇ ਪ੍ਰੰਤੂ ਨਤੀਜਾ ਲੇਟ ਘੋਸ਼ਿਤ ਹੋਣ ਕਾਰਨ ਕਲਾਸਾਂ ਵਿੱਚ ਗੈਰ ਹਾਜਰ ਰਹਿਣ ਵਾਲੇ ਵਿਦਿਆਰਥੀਆਂ ਦੇ ਲੈਕਚਰ ਕਾਲਜ ਵਿੱਚ ਦਾਖ਼ਲ ਹੋਣ ਦੀ ਮਿਤੀ ਤੋਂ ਗਿਣੇ ਜਾਣਗੇ।
- ਕਾਲਜ ਤੋਂ 6 ਦਿਨਾਂ ਤੱਕ ਦੀ ਛੁੱਟੀ ਦੀ ਅਰਜ਼ੀ ਸੰਬੰਧਤ ਅਧਿਆਪਕ ਤੋਂ ਦਸਤਖਤ ਕਰਵਾ ਕੇ ਸਬੰਧਤ ਅਧਿਆਪਕ ਕੋਲ ਜਮ੍ਹਾਂ ਕਰਵਾਈ ਜਾਵੇਗੀ।
- 6 ਦਿਨਾਂ ਤੋਂ ਵੱਧ ਦਿਨਾਂ ਦੀ ਛੁੱਟੀ ਸਬੰਧਤ ਅਧਿਆਪਕਾਂ ਤੋਂ ਮਨਜੂਰ ਕਰਵਾ ਕੇ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਛੁੱਟੀ ਮਿਲ ਸਕਦੀ ਹੈ। ਇਸ ਛੁੱਟੀ ਦੀ ਅਰਜੀ ਦੀ ਫੋਟੋ ਕਾਪੀ ਸੰਬੰਧਤ ਵਿਦਿਆਰਥੀ ਆਪਣੇ ਕੋਲ ਵੀ ਰੱਖੇਗਾ ਅਤੇ ਸੰਬੰਧਤ ਅਧਿਆਪਕਾਂ ਕੋਲ ਵੀ ਜਮ੍ਹਾਂ ਕਰਵਾਏਗਾ।
- ਛੁੱਟੀ ਲੈਣ ਦਾ ਮਤਲਬ ਹੈ ਕਿ ਉਸ ਨੂੰ ਜਰੁਮਾਨਾ ਨਹੀਂ ਲੱਗੇਗਾ ਲੇਕਿਨ ਇਸ ਦਾ ਮਤਲਬ 75% ਲੈਕਚਰਾਂ ਵਿੱਚ ਛੋਟ ਨਹੀਂ ਹੈ।

- ਇਕ ਹਫਤੇ ਤੋਂ ਵੱਧ ਦੀ ਬਿਮਾਰੀ ਦੀ ਛੁੱਟੀ ਸਰਕਾਰੀ ਹਸਪਤਾਲ /ਡਿਸਪੈਂਸਰੀ ਜਾਂ ਰਜਿਸਟਰਡ ਡਾਕਟਰ ਵੱਲੋਂ ਜਾਰੀ ਕੀਤੇ ਗਏ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਤੇ ਦਿੱਤੀ ਜਾਵੇਗੀ।
- ਇੰਟਰਨਲ ਮਿਡ ਸਮੈਸਟਰ ਪ੍ਰੀਖਿਆ ਤੋਂ ਗੈਰ ਹਾਜਰੀ ਲਈ ਪ੍ਰਿੰਸੀਪਲ ਤੋਂ ਪ੍ਰੀਖਿਆ ਵਾਲੇ ਦਿਨ ਤੋਂ ਪਹਿਲਾਂ ਲਿਖਤੀ ਆਗਿਆ ਲੈਣੀ ਜਰੂਰੀ ਹੋਵੇਗੀ।

--------------------------------------------------------------------------------------------

## ਵੱਖ - ਵੱਖ ਸਰਕਾਰੀ ਵਜੀਫਿਆਂ ਸਬੰਧੀ ਜਾਣਕਾਰੀ

ਅਨੁਸੂਚਿਤ ਜਾਤੀਆਂ ਲਈ ਵਜੀਫੇ (**Scholarships for SC Students**):

ਕਾਲਜ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਜਿਹਨਾਂ ਦੇ ਮਾਪਿਆਂ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2.50 (ਢਾਈ ਲੱਖ) ਤੋਂ ਘੱਟ ਹੈ ਉਹਨਾਂ ਲਈ ਪੰਜਾਬ ਸਰਕਾਰ ਦੁਆਰਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾਂ ਤਹਿਤ ਵਜੀਫਾ ਦੇਣ ਦੀ ਵਿਵਸਥਾ ਕੀਤੀ ਗਈ ਹੈ ।

1. ਵਜੀਫਾ ਲੈਣ ਦੇ ਚਾਹਵਾਨ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਸਕਾਲਰਸ਼ਿਪ ਪੋਰਟਲ **www.punjabscholarships.gov.in** ਤੇ ਜਾ ਕੇ ਸਟੂਡੈਂਟ ਐਫ.ਏ.ਕਿਯੂ. (**Student FAQ**) ਪੜ੍ਹ ਲੈਣ ਅਤੇ ਵਜੀਫੇ ਲਈ ਇਸ ਵੈਬਸਾਈਟ ਤੇ ਨਿਰਧਾਰਤ ਮਿਤੀ ਅਨੁਸਾਰ ਆਨ-ਲਾਈਨ ਅਪਲਾਈ ਕਰਨਗੇ ।

2. ਉਪਰੋਕਤ ਪੋਰਟਲ ਤੇ ਵਿਦਿਆਰਥੀ ਨੂੰ ਆਪਣੇ ਸਹੀ ਦਸਤਾਵੇਜ ਅਪਲੋਡ ਕਰਨਾ ਲਾਜ਼ਮੀ ਹੈ।

3. ਉਪਰੋਕਤ ਪੋਰਟਲ ਤੇ ਅਪਲਾਈ ਕਰਨ ਉਪਰੰਤ ਜਾਰੀ ਯੂਜਰ.ਆਈ.ਡੀ. ਅਤੇ ਪਾਸਵਰਡ ਸਾਂਭ ਕੇ ਰੱਖਣਾ ਜਰੂਰੀ ਹੈ ਕਿਉਂਕਿ ਹਰੇਕ ਅਗਲੀ ਕਲਾਸ ਵਿੱਚ ਅਪਲਾਈ ਕਰਨ ਲਈ ਇਸੇ ਯੂਜਰ.ਆਈ.ਡੀ. ਅਤੇ ਪਾਸਵਰਡ ਦੀ ਵਰਤੋਂ ਨਾਲ ਹੀ ਵਜੀਫੇ ਲਈ ਅਪਲਾਈ ਕੀਤਾ ਜਾ ਸਕੇਗਾ।

4. ਅਧੂਰੀ ਅਤੇ ਗਲਤ ਜਾਣਕਾਰੀ ਦੇਣ ਤੇ ਵਿਭਾਗ (ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ) ਵੱਲੋਂ ਹੋਣ ਵਾਲੀ ਕਾਨੂੰਨੀ ਕਾਰਵਾਈ ਲਈ ਸਬੰਧਤ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ।

5. ਇਸ ਯੋਜਨਾਂ ਅਧੀਨ ਵਜੀਫਏ ਦਾ ਲਾਭ ਲੈਣ ਵਾਲੇ ਵਿਦਿਆਰਥੀਆਂ ਲਈ ਘੱਟੋ – ਘੱਟ 75% ਹਾਜਰੀ ਯਕੀਨੀ ਬਣਾਉਣਾ ਲਾਜ਼ਮੀ ਹੋਵੇਗਾ।

6. ਇਸ ਯੋਜਨਾਂ ਤਹਿਤ ਇੱਕ ਵਿਦਿਆਰਥੀ ਕੇਵਲ ਇੱਕ ਕਲਾਸ ਵਿੱਚ ਇੱਕ ਵਾਰ ਹੀ ਵਜੀਫੇ ਦਾ ਲਾਭ ਲੈ ਸਕਦਾ ਹੈ ਭਾਵ ਉਹ ਮੁੜ ਉਸੇ ਕਲਾਸ ਵਿੱਚ ਦਾਖ਼ਲਾ ਲੈਂਦਾ ਹੈ ਤਾਂ ਉਹ ਵਜੀਫੇ ਦਾ ਹੱਕਦਾਰ ਨਹੀਂ ਹੋਵੇਗਾ।

7. ਪੰਜਾਬ ਸਰਕਾਰ ਵੱਲੋਂ ਨਿਰਧਾਰਤ ਮਾਪਦੰਡ ਅਨੁਸਾਰ ਪੋਰਟਲ ਤੇ ਅਪਲਾਈ ਕਰਨਾ ਸਬੰਧਤ ਵਿਦਿਆਰਥੀ ਦੀ ਨਿੱਜੀ ਜਿੰਮੇਵਾਰੀ ਹੈ ।

8. ਵਿਦਿਆਰਥੀ ਸਕਾਲਰਸ਼ਿਪ ਲਈ ਇੱਕ ਕਲਾਸ ਵਿੱਚ ਇੱਕ ਸੰਸਥਾਂ ਤੋਂ ਹੀ ਸਕਾਲਰਸ਼ਿਪ ਲਈ ਅਪਲਾਈ ਕਰ ਸਕਦਾ ਹੈ।

**ਜਰੂਰੀ ਨੋਟ** :

| **ਕੋਰਸ ਦਾ ਨਾਂ** | **ਵਜੀਫੇ ਦਾ ਨਾਂ** | **ਵਜੀਫ਼ੇ ਲਈ ਯੋਗਤਾ** | **ਆਮਦਨ ਸੀਮਾ** | **ਵਿਦਿਆਰਥੀਆਂ ਵੱਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ** |
|---|---|---|---|---|

| | | | | |
|---|---|---|---|---|
| **B.A. & B.Com.<br>Part I,II & III** | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਫਾਰ ਓ.ਬੀ.ਸੀ | 1. ਓ.ਬੀ.ਸੀ. (**Other Backward Class)** ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ।<br>2. ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ।<br>3. ਪਿਛਲੀ ਕਲਾਸ ਵਿੱਚ **60%** ਨੰਬਰ (ਸਾਰੇ ਸਮੈਸਟਰ ਮਿਲਾ ਕੇ ) ਲਾਜ਼ਮੀ ਹਨ।<br>ਅਪਲਾਈ ਕਰਨ ਲਈ ਵੈਬਸਾਈਟ:<br>**www.punjabscholarships.gov.in** | ਸਲਾਨਾ ਆਮਦਨ ਸੀਮਾ (1,50,000/- ਇੱਕ ਲੱਖ ਪੰਜਾਹ ਹਜਾਰ ਤੋਂ ਵੱਧ ਨਾ ਹੋਵੇ) | ਸਰਕਾਰ ਦੁਆਰਾ ਸਮੇਂ –ਸਮੇਂ ਜਾਰੀ ਹਦਾਇਤਾਂ ਅਨੁਸਾਰ |

**1)** ਵਿਦਿਆਰਥੀ ਦੁਆਰਾ ਸਕਾਲਰਸ਼ਿਪ ਲਈ ਜੋ ਮੋਬਾਇਲ ਨੰਬਰ ਰਜਿਸਟਰਡ ਕੀਤਾ ਜਾਵੇਗਾ, ਉਸ ਮੋਬਾਇਲ ਨੰਬਰ ਨੂੰ ਕਿਸੇ ਵੀ ਹਾਲਤ ਵਿੱਚ ਬਦਲਿਆ ਜਾਂ ਬੰਦ ਨਾ ਕੀਤਾ ਜਾਵੇ। ਕਿਉਂਕਿ ਸਕਾਲਰਸ਼ਿਪ ਲਈ ਸਾਰੀ ਜਾਣਕਾਰੀ ਉਸ ਮੋਬਾਇਲ ਨੰਬਰ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

**2)** ਸਹੀ ਬੈਂਕ ਖਾਤਾ ਅਤੇ ਆਈ.ਐਫ.ਐਸ.ਸੀ. (**IFSC Code**) ਦਾ ਹੋਣਾ ਜਰੂਰੀ ਹੈ ਤਾਂ ਜੋ ਸਰਕਾਰ ਵੱਲੋਂ ਵਜੀਫਾ ਰਾਸ਼ੀ ਲਾਭਪਾਤਰੀ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾ ਸਕੇ।

**ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. (**Scholarship Scheme for **OBC** Students) **ਸਬੰਧੀ ਜਾਣਕਾਰੀ :**

## ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ./ਓ.ਬੀ.ਸੀ. ਸੰਬੰਧੀ ਜਰੂਰੀ ਦਸਤਾਵੇਜਾਂ ਦੀ ਸੂਚੀ

1) ਫ੍ਰੀਸ਼ਿਪ ਕਾਰਡ
2) ਆਨ-ਲਾਈਨ ਅਪਲਾਈ ਕੀਤਾ ਬਿਨੈ ਪੱਤਰ ਫੋਟੋ ਅਤੇ ਹਸਤਾਖਰ ਸਹਿਤ
3) ਕਾਲਜ ਦਾ ਦਾਖ਼ਲਾ ਫ਼ਾਰਮ ਜਾਂ ਫੀਸ ਰਸੀਦ
4) ਫੀਸ ਮੁਆਫੀ ਲਈ ਵਿਦਿਆਰਥੀ ਵੱਲੋਂ ਦਿੱਤਾ ਘੋਸ਼ਣਾ ਪੱਤਰ
5) ਮੈਟ੍ਰਿਕ ਸਰਟੀਫਿਕੇਟ ਦੀ ਕਾਪੀ
6) ਪਿਛਲੀ ਪ੍ਰੀਖਿਆ ਦਾ ਸਰਟੀਫਿਕੇਟ (ਸਮੈਸਟਰ ਦੇ ਸਾਰੇ ਨਤੀਜੇ)
7) ਜਾਤੀ ਸਰਟੀਫਿਕੇਟ
8) ਪੰਜਾਬ ਰਿਹਾਇਸ ਸਰਟੀਫਿਕੇਟ (ਪੰਜ ਸਾਲ ਤੋਂ ਵੱਧ ਪੁਰਾਣਾ ਨਾ ਹੋਵੇ)
9) ਵਿਦਿਆਰਥੀ ਦੇ ਆਧਾਰ ਕਾਰਡ ਦੀ ਕਾਪੀ
10) ਪਿਤਾ ਦੇ ਆਧਾਰ ਕਾਰਡ ਦੀ ਕਾਪੀ
11) ਮਾਤਾ ਦੇ ਆਧਾਰ ਕਾਰਡ ਦੀ ਕਾਪੀ
12) ਵਿਦਿਆਰਥੀ ਦੇ ਆਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਦੀ ਫੋਟੋ ਕਾਪੀ (ਪੜ੍ਹਨ ਯੋਗ ਹੋਵੇ)
13) ਤਹਿਸੀਲਦਾਰ ਵੱਲੋਂ ਜਾਰੀ ਮਾਤਾ-ਪਿਤਾ ਦੀ ਸਲਾਨਾ ਆਮਦਨ ਦਾ ਸਰਟੀਫਿਕੇਟ
(ਐਸ.ਸੀ. ਲਈ 2.50 ਲੱਖ ਤੋਂ ਘੱਟ ਅਤੇ ਓ.ਬੀ.ਸੀ. ਲਈ 1.50 ਲੱਖ ਤੋਂ ਘੱਟ ਦਾ)
14) ਹਾਜ਼ਰੀ ਸ਼ੀਟ ਸਬੰਧੀ ਪ੍ਰੋਫਾਰਮਾ

**ਨੋਟ** : 1) ਐਂਟਰੀ ਕੋਰਸਾਂ ਲਈ ਮਾਤਾ-ਪਿਤਾ ਦੀ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਨਵਾਂ ਚਲੰਤ ਸੈਸ਼ਨ ਦਾ ਹੋਣਾ ਚਾਹੀਦਾ ਹੈ।

2) ਵਿਦਿਆਰਥੀ ਹਰੇਕ ਦਸਤਾਵੇਜ਼ ਸਵੈ ਤਸਦੀਕ ਜਰੂਰ ਕਰਨ ।

## ਭਾਰਤ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਹੋਰ ਵਜੀਫਿਆਂ ਸਬੰਧੀ ਜਾਣਕਾਰੀ

## ਨੈਸ਼ਨਲ ਸਕਾਲਰਸ਼ਿਪ ਪੋਰਟਲ (NSP) ਤੇ ਭਾਰਤ ਸਰਕਾਰੀ ਵੱਲੋਂ ਜਾਰੀ ਹੋਣ ਵਾਲੇ ਹੋਰ ਵਜੀਫਾ ਸਕੀਮਾਂ ਦੀ ਜਾਣਕਾਰੀ :

| ਕਲਾਸ /ਕੋਰਸ | ਸਕਾਲਰਸ਼ਿਪ ਦਾ ਨਾਮ | ਵਜੀਫੇ ਲਈ ਯੋਗਤਾ | ਸਲਾਨਾ ਆਮਦਨ ਹਦ | ਵਜੀਫੇ ਸਬੰਧੀ ਆਖਰੀ ਮਿਤੀ |
|---|---|---|---|---|
| **ਬੀ.ਏ. /ਬੀ.ਕਾਮ I, II & III** | **PMS Scholarship for students with Disabilities** | 40% ਜਾਂ ਇਸ ਤੋਂ ਵੱਧ ਦੇ ਦਿਵਿਯਾਂਗ ਵਿਦਿਆਰਥੀਆਂ ਲਈ<br>ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਿਹਾ ਹੋਵੇ।<br>ਹੋਰ ਸ਼ਰਤਾਂ ਅਤੇ ਅਪਲਾਈ ਕਰਨ ਲਈ ਵੈਬਸਾਈਟ:<br>**www.scholarships.gov.in** | ਸਲਾਨਾ ਆਮਦਨ ਸੀਮਾ (2,50,000/-ਢਾਈ ਲੱਖ ਤੋਂ ਵੱਧ ਨਾ ਹੋਵੇ) | ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ |
| **ਬੀ.ਏ. /ਬੀ.ਕਾਮ I, II & III** | ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ<br>**PMS Scheme for Minorities (Muslim, Sikh, Jain, Budh, Christians & Parsis)** | ਜਿਨ੍ਹਾਂ ਦੇ ਪਿਛਲੀ ਕਲਾਸ ਵਿੱਚ 50% ਜਾਂ ਇਸ ਤੋਂ ਵੱਧ ਨੰਬਰ ਹੋਣ<br>ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ।<br>ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ ਵਿਦਿਆਰਥੀ ਇਸ ਵੈਬਸਾਈਟ ਤੇ ਅਪਲਾਈ ਕਰ ਸਕਦੇ ਹਨ:<br>**www.scholarships.gov.in** | ਸਲਾਨਾ ਆਮਦਨ 2,00,000/- (ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ |
| **ਕੇਵਲ ਐਂਟਰੀ ਕਲਾਸਾਂ ਲਈ** | **Central Sector Scheme for College and University Students** | **Meritorious students** ਜਿਨ੍ਹਾਂ ਦੇ 10+2 ਵਿੱਚ 80% ਤੋਂ ਵੱਧ ਨੰਬਰ ਹੋਣ<br>ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ।<br>ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ।<br>ਅਪਲਾਈ ਕਰਨ ਲਈ ਵੈਬਸਾਈਟ:<br>**www.scholarships.gov.in** | ਸਲਾਨਾ ਆਮਦਨ (8,00,000/- ਅੱਠ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ |

**ਨੋਟ :** ਪੰਜਾਬ ਸਰਕਾਰ /ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਕ ਸਮੇਂ ਵਿਦਿਆਰਥੀ ਕੇਵਲ ਕਿਸੇ ਇੱਕ ਵਜੀਫਾ ਸਕੀਮ ਦਾ ਹੀ ਲਾਭ ਲੈ ਸਕਦਾ ਹੈ|

### ਇੰਟਰਨਲ ਅਸੈਸਮੈਂਟ / Internal Assessment

ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਇੰਟਰਨਲ ਅਸੈਸਮੈਂਟ ਦੇ ਨੰਬਰ ਕਲਾਸਾਂ ਵਿੱਚ ਵਿਦਿਆਰਥੀਆਂ ਦੀ ਹਾਜਰੀ ਦੀ ਪ੍ਰਤੀਸ਼ਤ, ਕਲਾਸ ਟੈਸਟ ਅਤੇ ਕਲਾਸ ਵਿੱਚ ਲਏ ਗਏ ਸੈਮੀਨਾਰ ਵਿੱਚ ਵਿਦਿਆਰਥਾਂ ਦੇ ਪ੍ਰਦਰਸ਼ਨ ਦੇ ਆਧਾਰ ਤੇ ਲਗਾਈ ਜਾਵੇਗੀ। ਹਰੇਕ ਵਿਦਿਆਰਥੀ ਦੀ ਅਸੈਸਮੈਂਟ ਉਸ ਨੂੰ ਪੜ੍ਹਾਉਣ ਵਾਲੇ ਅਧਿਆਪਕ ਦੁਆਰਾ ਆਪਣੇ –ਆਪਣੇ ਵਿਸ਼ੇ ਵਿਚ ਲਗਾਈ ਜਾਵੇਗੀ। ਹਰ ਵਿਦਿਆਰਥੀ ਲਈ ਇੰਟਰਨਲ ਅਸੈਸਮੈਂਟ ਵਿੱਚੋਂ ਘੱਟੋਂ – ਘੱਟ 35 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਲਾਜ਼ਮੀ ਹੋਣਗੇ। ਅਜਿਹਾ ਨਾ ਹੋਣ ਦੀ ਹਾਲਤ ਵਿੱਚ ਸਬੰਧਤ ਵਿਦਿਆਰਥੀਆਂ ਦਾ ਯੂਨੀਵਰਸਿਟੀ ਵੱਲੋਂ ਨਤੀਜਾ ਘੋਸ਼ਿਤ ਨਹੀਂ ਕੀਤਾ ਜਾਵੇਗਾ, ਜਿਸ ਲਈ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ।

### ਕਾਲਜ ਅਨੁਸ਼ਾਸਨ ਅਤੇ ਵਿਵਹਾਰ ਦੇ ਨਿਯਮ

1. ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਰੈਗਿੰਗ ਇੱਕ ਗੰਭੀਰ ਕਾਨੂੰਨੀ ਅਪਰਾਧ ਹੈ ਜਿਸਦੀ ਕਾਲਜ ਵਿੱਚ ਸਖਤ ਮਨਾਹੀ ਹੈ। ਕਾਲਜ ਵਿੱਚ ਰੈਗਿੰਗ ਦੇ ਕੇਸ ਵਿਚ ਦੋਸ਼ੀ ਪਾਏ ਜਾਣ ਵਾਲੇ ਵਿਦਿਆਰਥੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

2. ਕਾਲਜ ਦੇ ਨਿਯਮ ਭੰਗ ਕਰਨ ਵਾਲੇ ਅਤੇ ਕਾਲਜ ਕੈਂਪਸ ਵਿੱਚ ਦੁਰ ਵਿਵਹਾਰ ਕਰਨ ਵਾਲੇ ਦੋਸ਼ੀ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਅਧਿਕਾਰ ਕਾਲਜ ਕੋਲ ਹੋਵੇਗਾ। ਇਸ ਕਾਰਵਾਈ ਅਧੀਨ ਦੋਸ਼ੀ ਵਿਦਿਆਰਥੀਆਂ ਨੂੰ ਜੁਰਮਾਨਾਂ ਕੀਤਾ ਜਾ ਸਕਦਾ ਹੈ ਜਾਂ ਦੋਸ਼ ਜਿਆਦਾ ਹੋਣ ਤੇ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ।
3. ਜੇਕਰ ਕਾਲਜ ਕੈਂਪਸ ਅੰਦਰ ਕਿਸੇ ਵਿਦਿਆਰਥੀ ਨੂੰ ਸਰਾਬ ਪੀਂਦੇ ਜਾਂ ਕਿਸੇ ਕਿਸਮ ਦੀ ਵਰਜਿਤ ਨਸ਼ਾ ਕਰਦੇ ਪਕੜਿਆ ਜਾਂਦਾ ਹੈ ਤਾਂ ਅਜਿਹੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਸਫਾਈ ਦਿੱਤੇ ਉਸੇ ਸਮੇਂ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
4. ਕਾਲਜ ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਕਾਲਜ ਵਿੱਚ ਵਿਦਿਆਰਥੀ ਨਾ ਤਾਂ ਕੋਈ ਮੀਟਿੰਗ ਕਰ ਸਕਦੇ ਹਨ, ਨਾ ਹੀ ਕੋਈ ਚੰਦਾ ਇਕੱਠਾ ਕਰ ਸਕਦੇ ਹਨ ਅਤੇ ਨਾ ਹੀ ਕੋਈ ਚੋਣ ਲੜ ਸਕਦੇ ਹਨ।
5. ਕਾਲਜ ਵਿੱਚ ਵਿਦਿਆਰਥੀਆਂ ਨੂੰ ਜੇਕਰ ਕੋਈ ਮੁਸ਼ਕਿਲ ਆਉਂਦੀ ਹੋਵੇ ਤਾਂ ਉਹ ਆਪਣੇ ਅਧਿਆਪਕ, ਦਫਤਰੀ ਅਮਲੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਪ੍ਰਾਪਤ ਕਰ ਸਕਦੇ ਹਨ।
6. ਵਿਦਿਆਰਥੀਆਂ ਵੱਲੋਂ ਸਾਫ ਸਫਾਈ ਦਾ ਕਲਾਜ ਕੈਂਪਸ ਵਿੱਚ ਪੂਰਾ –ਪੂਰਾ ਧਿਆਨ ਰੱਖਿਆ ਜਾਵੇ, ਗੰਦਗੀ ਫੈਲਾਉਣ ਵਾਲੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਕਾਲਜ ਪ੍ਰਸ਼ਾਸਨ ਵਿਦਿਆਰਥੀਆਂ ਤੋਂ ਸਾਫ ਸਫਾਈ ਲਈ ਸਹਿਯੋਗ ਦੀ ਉਮੀਦ ਕਰਦਾ ਹੈ।
7. ਕਾਲਜ ਵਿੱਚ ਵਿਦਿਆਰਥੀਆਂ ਦਾ ਪਹਿਰਾਵਾ ਸਾਦਾ ਅਤੇ ਸਭਿਆਚਾਰਕ ਹੋਵੇ। ਕਾਲਜ ਵਿੱਚ ਭੜਕੀਲੇ ਕੱਪੜੇ ਪਾ ਕੇ ਆਉਣ ਦੀ ਮਨਾਹੀ ਹੈ।
8. ਕਾਲਜ ਵਿੱਚ ਕਲਾਸਾਂ ਖਤਮ ਹੋਣ ਉਪਰੰਤ ਕੋਈ ਵੀ ਵਿਦਿਆਰਥੀ ਕਾਲਜ ਕੈਂਪਸ ਵਿਚ ਨਹੀਂ ਠਹਿਰੇਗਾ।
9. ਕਾਲਜ ਕੈਂਪਸ ਵਿੱਚ ਕੋਈ ਵੀ ਵਿਦਿਆਰਥੀ ਆਪਣਾ ਮੋਬਾਇਲ ਫੋਨ ਚਾਰਜ ਨਹੀਂ ਕਰੇਗਾ। ਮੋਬਾਇਲ ਵਿੱਚੋਂ ਫਿਲਮਾਂ ਦੇਖਣ, ਗਾਣੇ-ਸੁਣਨ ਦੀ ਕਾਲਜ ਵਿੱਚ ਸਖ਼ਤ ਮਨਹੀ ਹੈ।
10. ਕਾਲਜ ਦੇ ਗੇਟ ਉੱਤੇ ਤਾਇਨਾਤ ਚੌਕੀਦਾਰ, ਕਾਲਜ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀ ਆਗਿਆ ਦਾ ਪਾਲਣ ਕਰਨ ਦੀ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ। ਉਲੰਘਣਾ ਕਰਨ ਦੀ ਸੂਰਤ ਵਿੱਚ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
11. ਕਾਲਜ ਵਿੱਚ ਪੜਾਈ ਅਤੇ ਅਨੁਸ਼ਾਸਨ ਨੂੰ ਧਿਆਨ ਵਿੱਚ ਰੱਖਦੇ ਹੋਏ ਦੁਪਿਹਰ 12 ਵਜੇ ਤੋਂ ਪਹਿਲਾਂ ਕਿਸੇ ਵੀ ਵਿਦਿਆਰਥੀ ਨੂੰ ਬਿਨਾਂ ਆਗਿਆ ਕਾਲਜ ਕੈਂਪਸ ਤੋਂ ਬਾਹਰ ਜਾਣ ਦੀ ਮਨਾਹੀ ਹੈ। ਵਿਸ਼ੇਸ ਹਾਲਤਾਂ ਵਿੱਚ ਵਾਈਸ ਪ੍ਰਿੰਸੀਪਲ ਜਾਂ ਪ੍ਰਿੰਸੀਪਲ ਪਾਸੋਂ ਮਨਜੂਰੀ ਲਈ ਜਾ ਸਕਦੀ ਹੈ।
12. ਕਾਲਜ ਕੈਂਪਸ ਵਿੱਚ ਕਿਸੇ ਵੀ ਕਿਸਮ ਦੇ ਹਥਿਆਰ ਲੈ ਕੇ ਆਉਣ ਦੀ ਸਖਤ ਮਨਾਹੀ ਹੈ। ਦੋਸ਼ੀ ਪਾਏ ਜਾਣ ਵਾਲੇ ਵਿਦਿਆਰਥੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।
13. ਵਿਦਿਆਰਥੀ ਕਾਲਜ ਆਉਣ ਸਮੇਂ ਆਪਣੇ ਨਾਲ ਆਪਣਾ ਸ਼ਨਾਖਤੀ ਕਾਰਡ ਜਾਂ ਫੀਸ ਸਲਿੱਕ ਲੈ ਕੇ ਆਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਕਾਲਜ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ।
14. ਕਾਲਜ ਦੀ ਸੰਪਤੀ ਜਿਵੇਂ ਮੇਜ, ਕੁਰਸੀਆਂ, ਕੰਪਿਊਟਰ ਅਤੇ ਬਿਜਲੀ ਉਪਕਰਨ ਆਦਿ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।
15. ਕਾਲਜ ਦੇ ਵਿਦਿਆਰਥੀ ਆਪਣੇ ਜਾਣ ਪਹਿਚਾਣ ਵਾਲੇ ਦੋਸਤਾਂ ਨੂੰ ਕਾਲਜ ਵਿੱਚ ਨਹੀਂ ਬੁਲਾਉਣਗੇ। ਉਲੰਘਣਾ ਕਰਨ ਦੀ ਸੂਰਤ ਵਿੱਚ ਦੋਸ਼ੀ ਵਿਦਿਆਰਥੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਬਾਹਰਲੇ ਲੋਕਾਂ ਦਾ ਬਿਨ੍ਹਾਂ ਆਗਿਆ ਕਾਲਜ ਅੰਦਰ ਆਉਣਾ ਸਖ਼ਤ ਮਨ੍ਹਾਂ ਹੈ। ਪਕੜੇ ਜਾਣ ਤੇ ਉਹਨਾਂ ਨੂੰ ਪੁਲਿਸ ਹਵਾਲੇ ਕੀਤਾ ਜਾਵੇਗਾ।

# ਸਰਕਾਰੀ ਕਾਲਜ ਮਹੈਣ, ਸ੍ਰੀ ਅਨੰਦਪੁਰ ਸਾਹਿਬ

**ਫ਼ਾਰਮ ਨੰ. ......................** **ਵਿੱਦਿਅਕ ਸੈਸ਼ਨ 2023-24 ਲਈ ਦਾਖ਼ਲਾ ਫਾਰਮ**

ਦਫ਼ਤਰੀ ਵਰਤੋਂ ਲਈ :

ਸੈਸ਼ਨ 2021-22 ਵਿੱਚ ਦਿੱਤੀ ਪ੍ਰੀਖਿਆ ...................... ਨਤੀਜਾ ................. ਪ੍ਰਾਪਤ ਅੰਕ................. ਕੁੱਲ ਅੰਕ

1. ਨਾਮ (ਅੰਗਰੇਜੀ ਵਿੱਚ) ........................................................... (ਪੰਜਾਬੀ ਵਿੱਚ) ...............................................
2. ਪਿਤਾ ਦਾ ਨਾਮ (ਅੰਗਰੇਜੀ ਵਿੱਚ) ................................................ (ਪੰਜਾਬੀ ਵਿੱਚ) ...............................................
3. ਮਾਤਾ ਦਾ ਨਾਮ (ਅੰਗਰੇਜੀ ਵਿੱਚ) ...................................................(ਪੰਜਾਬੀ ਵਿੱਚ) ..........................................
4. ਜਨਮ ਮਿਤੀ (ਦਸਵੀਂ ਦੇ ਸਰਟੀਫਿਕੇਟ ਅਨੁਸਾਰ) ..................................5.ਬਲੱਡ ਗਰੁੱਪ................................................
6. ਪਿਤਾ /ਸਰਪ੍ਰਸਤ ਦਾ ਕਿੱਤਾ ..................................................... ਸਲਾਨਾ ਆਮਦਨ (ਸਾਰੇ ਸ੍ਰੋਤਾਂ ਤੋਂ) ..................

   ਘਰ ਦਾ ਪੂਰਾ ਪਤਾ ..........................................................................................................................

   ...........................................................................................ਮੋਬਾਇਲ ਨੰ. .........................................
7. ਕੀ ਵਿਦਿਆਰਥੀ ਦਿਵਿਆਂਗ ਹੈ (ਹਾਂ/ਨਹੀਂ) ........................ 8. ਕੀ ਪੜਾਈ ਵਿੱਚ ਗੈਪ ਹੈ (ਹਾਂ/ਨਹੀਂ)......................

   ਜੇਕਰ ਗੈਪ ਹੈ ਤਾਂ ਕਿੰਨਾਂ ...................... ਕੀ ਵਿਦਿਆਰਥੀ ਵਜੀਫਾ ਪ੍ਰਾਪਤ ਕਰਨਾਂ ਚਾਹੁੰਦਾ ਹੈ (ਹਾਂ/ਨਹੀਂ)...................
9. ਕੀ ਤੁਸੀ ਪੱਛੜੀ ਸ਼੍ਰੇਣੀ, ਅਨੁਸੂਚਿਤ ਜਾਤੀ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਿਤ ਹੋ (ਹਾਂ/ਨਹੀਂ) ...............................

   ਸਬੰਧਤ ਸ੍ਰੇਣੀ ਦਾ ਨਾਮ ........................................................................
10. ਵਿਦਿਆਰਥੀ ਦੇ ਬੈਂਕ ਖਾਤੇ ਦਾ ਨੰਬਰ (ਜੋ ਆਧਾਰ ਕਾਰਡ ਨਾਲ ਲਿੰਕ ਹੋਵੇ) ......................................................

    ਬੈਂਕ ਸ਼ਾਖਾ ਦਾ ਨਾਮ ਅਤੇ IFSC Code : ..............................................................................................

    ਆਧਾਰ ਕਾਰਡ ਨੰਬਰ ..........................................................................................................................

    ਵਿਦਿਆਰਥੀ ਦਾ ਈ.ਮੇਲ ਆਈ.ਡੀ. .......................................................ਸੰਪਰਕ ਨੰ. ...............................
11. ਵਿਦਿਆਰਥੀ ਦੁਆਰਾ ਚੋਣ ਕੀਤੇ ਗਏ ਵਿਸ਼ੇ (1) ਪੰਜਾਬੀ ਲਾਜ਼ਮੀ (2) ਅੰਗਰੇਜ਼ੀ ਲਾਜ਼ਮੀ

    (3) ..................................................(4) .................................. (5) ..........................................
12. ਵਿਸ਼ੇਆਂ ਦਾ ਮਾਧਿਅਮ ..................................................................................
13. ਅਕਾਦਮਿਕ ਰਿਕਾਰਡ (ਦੱਸਵੀਂ ਤੋਂ ਲੈਕੇ ਹੁਣ ਤੱਕ)

| **ਸਾਲ** | **ਕਲਾਸ** | **ਬੋਰਡ/ਯੂਨੀ ਵਰਸਿਟੀ** | **ਸਕੂਲ /ਕਾਲਜ ਦਾ ਨਾਮ** | **ਰੋਲ ਨੰਬਰ** | **ਨਤੀਜਾ** | **ਪ੍ਰਾਪਤ ਅੰਕ** | **ਕੁੱਲ ਅੰਕ** | **ਵਿਸ਼ੇ** |
|---|---|---|---|---|---|---|---|---|
| | | | | | | | | |
| | | | | | | | | |
| | | | | | | | | |

ਮਿਤੀ ................................

ਸਥਾਨ ................................ **(ਵਿਦਿਆਰਥੀ ਦੇ ਹਸਤਾਖਰ)**

**ਦਾਖ਼ਲਾ ਕਮੇਟੀ ਦੇ ਦਸਤਖਤ** 1) ........................................ 2) .....................................

## ਨਸ਼ਿਆਂ ਵਿਰੁੱਧ ਸੰਕਲਪ





## ਆਰਟ ਐਂਡ ਕਰਾਫ਼ਟ ਪ੍ਰਤੀਯੋਗਤਾ ਦੌਰਾਨ









## <u>ਵਿਸ਼ਵ ਜਲ ਦਿਵਸ ਦੌਰਾਨ</u>




## <u>ਅੰਤਰਰਾਸ਼ਟਰੀ ਯੋਗਾ ਦਿਵਸ ਦੌਰਾਨ</u>

